# ਭਾਅ ਜੀ ਦੀਆਂ ਕਰੂੰਬਲਾਂ ਤੋਂ ਵੀ ਤ੍ਰਬਕਦੀ ਐ ਸਰਕਾਰ

*—ਤਰਲੋਚਨ ਸਿੰਘ ਚੰਡੀਗੜ੍ਹ*

ਚੰਡੀਗੜ੍ਹ ਦੇ ਸੈਕਟਰ ਚੌਂਤੀ ਵਿਖੇ ਦੋ ਅਕਤੂਬਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਦਾ ਇਕ ਵਿਸ਼ਾਲ ਪੰਡਾਲ ਵਿਚ ਸ਼ਰਧਾਂਜਲੀ ਸਮਾਰੋਹ ਚੱਲ ਰਿਹਾ ਸੀ। ਚੁਫੇਰੇ ਇਹ ਗੂੰਜ ਸੀ ਕਿ ਭਾਅ ਜੀ ਕਿਧਰੇ ਨਹੀਂ ਗਏ, ਉਹ ਇਥੇ ਹੀ ਹਨ, ਭਾਵੁਕ ਹੋਇਆ ਡਾ. ਸਾਹਿਬ ਸਿੰਘ ਕਹਿ ਰਿਹਾ ਸੀ, "ਭਾਅ ਜੀ, ਪੰਡਾਲ ਵਿਚ ਹੀ ਲਾਲ ਝੰਡਾ ਲੈ ਕੇ ਘੁੰਮ ਰਹੇ ਨੇ, ਉਹ ਸਾਡੇ ਅੰਗ-ਸੰਗ ਹਨ, ਕਿਉਂਕਿ ਉਨ੍ਹਾਂ ਦੀ ਸੋਚ ਅੱਜ ਵੀ ਜਿਊਂਦੀ ਏ ਤੇ ਅਸੀਂ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿਆਂਗੇ। ਸ਼ਰਧਾਂਜਲੀ ਸਮਾਰੋਹ ਵਿਚਲਾ ਮਾਹੌਲ ਅਜਿਹਾ ਬਣਿਆ ਪਿਆ ਸੀ ਕਿ ਕਦੇ ਤਾਂ ਸਭਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਕਿਰ ਰਹੇ ਸਨ ਅਤੇ ਕਦੇ "ਭਾਅ ਜੀ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ" ਜਿਹੇ ਨਾਅਰਿਆਂ ਦੀ ਗੂੰਜ ਵਿਚ ਸਮੁੱਚਾ ਮਾਹੌਲ ਲਾਲ ਸੂਹਾ ਹੋ ਕੇ ਝੰਡਿਆਂ ਨੂੰ ਲਹਿਰਾਉਂਦਿਆਂ ਭਾਅ ਜੀ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਸੀ।

ਇਸ ਦੌਰਾਨ ਮੈਂ ਪੰਡਾਲ ਵਿਚ ਬੈਠਾ ਬੁਲਾਰਿਆਂ ਦੇ ਬੋਲਾਂ ਤੇ ਨਾਅਰਿਆਂ ਦੀਆਂ ਗੂੰਜਾਂ ਵਿਚ ਗੁਆਚਿਆ ਭਾਅ ਜੀ ਦੇ ਧੁਰ ਅੰਦਰ ਧੂਹ ਪਾਉਣ ਵਾਲੇ ਬੋਲਾਂ ਨੂੰ ਨਿਹਾਰ ਰਿਹਾ ਸੀ। ਭਾਵੇਂ ਟੀ.ਵੀ. ਦੇ ਪਰਦੇ 'ਤੇ ਭਾਈ ਮੰਨਾ ਸਿੰਘ ਦੇ ਰੂਪ ਵਿਚ ਗੁਰਸ਼ਰਨ ਭਾਅ ਜੀ ਨਾਲ ਮੇਰੀ ਮੁਲਾਕਾਤ ਕਈ ਸਾਲ ਪਹਿਲਾਂ ਹੋ ਚੁੱਕੀ ਸੀ ਪਰ ਮੈਂ ਉਨ੍ਹਾਂ ਦੇ ਸਿੱਧੇ ਰੂਪ ਵਿਚ ਰੂਬਰੂ ਚੰਡੀਗੜ੍ਹ ਵਿਖੇ ਤਕਰੀਬਨ ਦੋ ਦਹਾਕੇ ਪਹਿਲਾਂ ਬੇਘਰੇ ਮੁਲਾਜ਼ਮਾਂ ਦੀ ਸੈਕਟਰ-17 ਸਥਿਤ ਸੈਂਟਰ ਸਟੇਟ ਲਾਇਬ੍ਰੇਰੀ ਦੇ ਵਿਹੜੇ ਵਿਚ ਹੋਈ ਮੀਟਿੰਗ ਦੌਰਾਨ ਹੋਇਆ ਸੀ। ਉਸ ਮੀਟਿੰਗ ਵਿਚ ਭਾਅ ਜੀ ਵਲੋਂ ਬੇਘਰੇ ਮੁਲਾਜ਼ਮਾਂ ਨੂੰ ਮਕਾਨ ਮੁਹੱਈਆ ਕਰਨ ਬਾਰੇ ਪੇਸ਼ ਕੀਤੇ ਨੁਕਤਿਆਂ ਤੋਂ ਪ੍ਰਭਾਵਿਤ ਹੋ ਕੇ ਮੈਂ ਉਨ੍ਹਾਂ ਦਾ ਪਤਾ ਪੁੱਛਿਆ ਤਾਂ ਉਨ੍ਹਾਂ ਮੁਸਕਰਾਉਂਦਿਆਂ ਕਿਹਾ ਘਰ ਦਾ ਨੰਬਰ 'ਪੌਣਾ ਇਕ' (1245) ਤੇ ਸੈਕਟਰ-43 ਹੈ। ਉਂਜ ਉਸ ਤੋਂ ਬਾਅਦ ਅਖ਼ਬਾਰ ਲਈ ਸਭਿਆਚਾਰਕ ਬੀਟ ਕਵਰ ਕਰਨ ਦੌਰਾਨ ਮੇਰੀ ਭਾਅ ਜੀ ਨਾਲ ਨਾਟਕਾਂ ਤੇ ਹੋਰ ਸਮਾਗਮਾਂ ਦੌਰਾਨ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਸੀ। ਉਹ ਜਿਥੇ ਨਾਟਕਾਂ ਰਾਹੀਂ ਸਿੱਧੀ-ਸਪੱਸ਼ਟ ਤੇ ਠੋਕਵੀਂ ਗੱਲ ਕਰਦੇ ਸਨ ਉਥੇ ਛੋਟੇ ਤੋਂ ਲੈ ਕੇ ਵੱਡੇ ਕਾਰਜ

ਵਾਸਤੇ ਸੰਘਰਸ਼ਸ਼ੀਲ ਹੋਣ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ। ਇਕ ਵਾਰ ਤਾਂ ਉਨ੍ਹਾਂ ਪੰਜਾਬ ਕਲਾ ਭਵਨ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਦਿਵਾਉਣ ਲਈ ਧਰਨਾ ਵੀ ਮਾਰਿਆ ਸੀ। ਹੁਣ ਭਾਅ ਜੀ ਦੇ ਦੇਹਾਂਤ ਤੋਂ ਬਾਅਦ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਜਸਪਾਲ ਸਿੰਘ ਉਨ੍ਹਾਂ ਦੇ ਘਰ ਅਫਸੋਸ ਕਰਨ ਲਈ ਪੁੱਜੇ ਤਾਂ ਉਨ੍ਹਾਂ ਦੀ ਕਵਰੇਜ ਲਈ ਮੈਨੂੰ ਇਸ ਸ਼ਖਸੀਅਤ ਦੇ ਘਰ ਪਹਿਲੀ ਵਾਰ ਜਾਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਵੱਲੋਂ ਆਪਣੇ ਅੰਦਾਜ਼ 'ਚ ਦੱਸੇ ਘਰ ਦੇ ਨੰਬਰ "ਪੌਣਾ ਇਕ" ਕਾਰਨ ਮੈਂ ਬਿਨਾਂ ਕਿਸੇ ਨੂੰ ਪੁੱਛਿਆਂ ਸਿੱਧਾ ਉਨ੍ਹਾਂ ਦੇ ਘਰ ਜਾ ਪੁੱਜਾ।

ਸ਼ਰਧਾਂਜਲੀ ਸਮਾਗਮ ਦੌਰਾਨ ਇਨ੍ਹਾਂ ਸੋਚਾਂ ਵਿਚ ਡੁੱਬਿਆਂ ਇਕਦਮ ਮੇਰੀ ਨਜ਼ਰ ਇਕ ਵਿਅਕਤੀ 'ਤੇ ਟਿਕੀ ਜੋ ਦਬਾ-ਦਬ ਕੁਝ ਵਿਸ਼ੇਸ਼ ਵਿਅਕਤੀਆਂ, ਬੁਲਾਰਿਆਂ ਅਤੇ ਸਟੇਜ ਤੇ ਪੰਡਾਲ ਦੀ ਸਮੁੱਚੀ ਪ੍ਰਕ੍ਰਿਆ ਨੂੰ ਆਪਣੇ ਕੈਮਰੇ ਵਿਚ ਕੈਦ ਕਰ ਰਿਹਾ ਸੀ। ਉਹ ਸਟੇਜ ਦੇ ਪ੍ਰਬੰਧਕਾਂ ਕੋਲੋਂ ਵੀ ਵਾਰ-ਵਾਰ ਬੁਲਾਰਿਆਂ ਦੇ ਨਾਮ ਨੋਟ ਕਰ ਰਿਹਾ ਸੀ। ਭਾਵੇਂ ਉਥੇ ਹੋਰ ਵੀ ਕਈ ਪੱਤਰਕਾਰ ਤੇ ਫੋਟੋਗ੍ਰਾਫਰ ਇਸ ਸਮਾਗਮ ਦੀ ਕਵਰੇਜ ਕਰਨ ਲਈ ਸਰਗਰਮ ਸਨ ਪਰ ਜਿਸ ਵਿਅਕਤੀ 'ਤੇ ਮੇਰੀ ਅੱਖ ਟਿਕੀ ਸੀ, ਉਸ ਦੀ "ਕਵਰੇਜ" ਕਰਨ ਦੀ ਵਿਧੀ ਕੋਈ ਵੱਖਰੀ ਕਿਸਮ ਦੀ ਹੀ ਸੀ। ਜਦੋਂ ਮੈਂ ਹੋਰ ਨੀਝ ਨਾਲ ਉਸ ਨੂੰ ਤੱਕਿਆ ਤਾਂ ਉਹ ਕੋਈ ਪੱਤਰਕਾਰ ਨਹੀਂ ਸਗੋਂ ਦੇਸ਼ ਦੀ ਇਕ ਪ੍ਰਮੁੱਖ ਖੁਫੀਆ ਏਜੰਸੀ ਦਾ ਅਧਿਕਾਰੀ ਸੀ। ਭਾਵੇਂ ਪਿਛਲੇ ਕਈ ਸਾਲਾਂ ਤੋਂ ਹਰੇਕ ਵਰਗ ਦੀਆਂ ਰੈਲੀਆਂ ਤੇ ਪ੍ਰਦਰਸ਼ਨਾਂ ਦੀ ਰਿਪੋਰਟਿੰਗ ਕਰਦਿਆਂ ਮੈਂ ਅਕਸਰ ਦੇਖਦਾ ਹਾਂ ਕਿ ਪੁਲਿਸ-ਖੁਫੀਆਂ ਏਜੰਸੀਆਂ ਦੇ ਮੁਲਾਜ਼ਮ ਅਜਿਹੇ ਐਕਸ਼ਨਾਂ ਉਪਰ ਖੁਫੀਆ ਅੱਖ ਰੱਖ ਕੇ ਸਮੁੱਚੀ ਰਿਪੋਰਟ ਤਿਆਰ ਕਰਦੇ ਹਨ। ਅਕਸਰ ਰੈਲੀਆਂ ਆਦਿ ਵਿਚ ਸਬੰਧਿਤ ਧਿਰਾਂ ਵਲੋਂ ਅਗਲੇ ਸੰਘਰਸ਼ ਦੇ ਐਲਾਨ ਕਰਨੇ ਹੁੰਦੇ ਹਨ ਅਤੇ ਖੁਫੀਆ ਮੁਲਾਜ਼ਮਾਂ ਦੀ ਅਜਿਹੇ ਐਲਾਨਾਂ ਦੀ ਜਾਣਕਾਰੀ ਤੁਰੰਤ ਉਪਰ ਪਹੁੰਚਾਉਣੀ ਹੁੰਦੀ ਹੈ ਪਰ ਕਿਸੇ ਜਥੇਬੰਦੀ ਦੇ ਆਗੂ ਦੀ ਕੁਦਰਤੀ ਹੋਈ ਮੌਤ ਕਾਰਨ ਸ਼ਰਧਾਂਜਲੀ ਸਮਾਰੋਹ ਵਿਚ ਤਾਂ ਸਰਕਾਰ ਵਿਰੁੱਧ ਕੋਈ ਸੰਘਰਸ਼ ਵਿੱਢਣ ਦਾ ਐਲਾਨ ਕਰਨ ਦੀ ਗੁੰਜਾਇਸ਼ ਹੀ ਨਹੀਂ ਹੁੰਦੀ ਪਰ ਫਿਰ ਵੀ ਸਥਾਨਿਕ ਪੁਲਿਸ ਜਾਂ ਖੁਫੀਆ ਏਜੰਸੀਆਂ ਦੀ ਥਾਂ ਦੇਸ਼ ਦੀ ਇਕ ਪ੍ਰਮੁੱਖ ਏਜੰਸੀ ਦੇ ਅਧਿਕਾਰੀ ਵੱਲੋਂ ਭਾਅ ਜੀ ਦੇ ਸ਼ਰਧਾਂਜਲੀ ਸਮਾਰੋਹ ਦੀ "ਕਵਰੇਜ" ਕਰਨ ਦੀ ਪ੍ਰਕ੍ਰਿਆ ਮੇਰੇ ਲਈ ਨਵਾਂ ਤਜਰਬਾ ਸੀ।

ਮੈਂ ਇਹ ਸਭ ਕੁਝ ਤੱਕਦਾ ਰਿਹਾ। ਫਿਰ ਮੈਂ ਖੁਫੀਆ ਏਜੰਸੀ ਦੇ ਇਸ ਅਧਿਕਾਰੀ ਨੂੰ ਆਪਣੇ ਕੋਲ ਬੁਲਾ ਕੇ ਇਧਰ-ਉਧਰ ਦੀਆਂ ਗੱਲਾਂ ਮਾਰ ਕੇ ਸ਼ਰਧਾਂਜਲੀ ਸਮਾਰੋਹ ਦੀ "ਕਵਰੇਜ" ਕਰਨ ਬਾਬਤ ਉਸ ਦਾ ਮਨ ਫਰੋਲਣ ਦੀ ਕੋਸ਼ਿਸ਼ ਕੀਤੀ ਪਰ ਉਹ ਗੱਲ ਨੂੰ ਗੋਲ ਕਰ ਗਿਆ। ਇਧਰ ਸ਼ਰਧਾਂਜਲੀ ਸਮਾਰੋਹ ਆਪਣੀ ਤੋਰ ਚੱਲ ਰਿਹਾ

ਸੀ। ਇਸੇ ਦੌਰਾਨ ਅਨੀਤਾ ਸਬਦੀਸ਼ ਨੂੰ ਸਟੇਜ ਉਪਰ ਸਭਨਾਂ ਦਾ ਥੈਂਕਸ ਕਰਨ ਲਈ ਬੁਲਾਇਆ ਗਿਆ। ਅਨੀਤਾ ਨੇ ਮਾਈਕ ਫੜਦਿਆਂ ਕਿਹਾ ਕਿ ਮੈਂ ਥੈਂਕਸ ਨਹੀਂ ਕਰਾਂਗੀ ਕਿਉਂਕਿ ਭਾਅ ਜੀ ਸਭਨਾਂ ਦੇ ਸਨ। ਭਾਅ ਜੀ ਨੇ 16 ਸਤੰਬਰ ਨੂੰ ਆਪਣੇ ਜਨਮ ਦਿਨ 'ਤੇ ਕਿਹਾ ਸੀ, "ਅਸੀਂ ਜਿੰਦਾ ਹਾਂ, "ਤੁਸੀਂ ਹਾਲੇ 40-40 ਸਾਲ ਕੰਮ ਕਰਨਾ ਏ, ਕਲਾ ਦੇ ਖੇਤਰ ਵਿਚ ਤਰਥੱਲੀ ਮਚਾ ਦਿਓ।" ਫਿਰ ਅਖੀਰ ਵਿਚ ਭਾਅ ਜੀ ਗੁਰਸ਼ਰਨ ਦੀ ਛੋਟੀ ਧੀ ਡਾਕਟਰ ਅਰੀਤ ਸਟੇਜ 'ਤੇ ਆਈ ਤਾਂ ਸਭਨਾਂ ਦੀਆਂ ਅੱਖਾਂ ਉਸ ਉਪਰ ਟਿਕੀਆਂ ਸਨ। ਭਾਵੇਂ ਮੁੱਢ ਵਿਚ ਅਰੀਤ ਭਾਵੁਕ ਹੋ ਗਈ ਅਤੇ ਉਸ ਦੀ ਆਵਾਜ਼ ਵਿਚ ਗ਼ਮ ਦੀ ਸਿੱਲ ਸੀ ਪਰ ਫਿਰ ਕੁਝ ਸਮੇਂ ਬਾਅਦ ਹੀ ਅਰੀਤ ਭਾਅ ਜੀ ਦਾ ਰੂਪ ਧਾਰ ਗਈ। ਉਸ ਦੀ ਆਵਾਜ਼ ਵਿਚ ਵੀ ਸਿੱਲ ਦੀ ਥਾਂ ਭਾਅ ਜੀ ਵਰਗੀ ਗੜ੍ਹਕ ਆ ਗਈ। ਇਸ ਮੌਕੇ ਸਾਰਾ ਪੰਡਾਲ ਆਪ ਮੁਹਾਰੇ ਬੋਲ ਉਠਿਆ ਅਰੀਤ ਦੇ ਅੰਦਰੋਂ ਗੁਰਸ਼ਰਨ ਬੋਲ ਰਿਹਾ ਹੈ। ਅਰੀਤ ਨੇ ਕਿਹਾ ਕਿ ਪਾਪਾ ਗਰੀਬਾਂ ਲਈ ਪਖ਼ਾਨੇ ਬਣਾਉਣ ਤੋਂ ਲੈ ਕੇ ਹਰੇਕ ਲੋੜਵੰਦ ਦੀ ਲੜਾਈ ਲੜਦੇ ਰਹੇ ਹਨ। ਫਿਰ ਉਸ ਦੇ ਮੂੰਹੋਂ ਨਿਕਲਿਆ, "ਦੇਖੋ ਹੁਣ ਅੱਗੇ ਕੀ ਹੁੰਦੈ।" ਇਸੇ ਦੌਰਾਨ ਡਾ. ਸਾਹਿਬ ਸਿੰਘ ਗੜਕਿਆ, "ਭਾਅ ਜੀ ਕਿਤੇ ਨਹੀਂ ਗਏ, ਇਥੇ ਤੁਰੇ ਫਿਰਦੇ ਨੇ, ਝੰਡਾ ਚੁੱਕੀ ਫਿਰਦੇ ਨੇ।"

ਇਸ ਸਮਾਰੋਹ ਦੇ ਅਖੀਰ ਵਿਚ ਭਾਅ ਜੀ ਦੀਆਂ "ਕਰੂੰਬਲਾਂ" ਨੇ ਐਕਸ਼ਨ ਗੀਤ ਗਾਉਣਾ ਸੀ। ਸਟੇਜ ਤਿਆਰ ਸੀ ਪਰ ਕਰੂੰਬਲਾਂ ਦੀਆਂ ਅੱਖਾਂ ਵਿਚੋਂ ਅੱਥਰੂ ਨਹੀਂ ਥੰਮ ਰਹੇ ਸਨ। ਜਿਉਂ ਹੀ ਸੰਗੀਤ ਦੀ ਸੁਰ ਉਠੀ ਤਾਂ ਕਰੂੰਬਲਾਂ ਹੱਥਾਂ 'ਚ ਲਾਲ ਝੰਡੇ ਫੜੀ ਸਟੇਜ ਵੱਲ ਵਧੀਆਂ। "ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ..." ਉਪਰ ਇਹ ਅੱਠ ਕਲਾਕਾਰ ਐਕਸ਼ਨ ਕਰ ਰਹੇ ਸਨ। ਦੇਖਦਿਆਂ ਹੀ ਦੇਖਦਿਆਂ ਸਟੇਜ ਭਾਅ ਜੀ ਦੀਆਂ ਕਰੂੰਬਲਾਂ ਨਾਲ ਭਰ ਚੁੱਕਾ ਸੀ ਅਤੇ ਸਟੇਜ ਉਪਰ ਲਾਲ ਝੰਡੇ ਪੂਰੇ ਜਲੌਅ ਨਾਲ ਲਹਿਰਾ ਰਹੇ ਸਨ। ਇਸ ਸਭ ਕੁਝ ਦੇਖ ਕੇ ਮੈਂ ਮਹਿਸੂਸ ਕਰ ਰਿਹਾ ਸੀ ਕਿ ਖੁਫੀਆ ਏਜੰਸੀ ਦੇ ਅਧਿਕਾਰੀ ਦਾ ਇਸ ਸਮਾਗਮ ਦੀ ਰਿਪੋਰਟ ਲੈਣਾ ਜਾਇਜ਼ ਸੀ। ਸਰਕਾਰ ਨੇ ਇਸ ਅਧਿਕਾਰੀ ਨੂੰ ਇਥੇ ਸੋਚ ਸਮਝ ਕੇ ਹੀ ਭੇਜਿਆ ਹੈ ਕਿਉਂਕਿ ਭਾਅ ਜੀ ਦੀਆਂ ਕਰੂੰਬਲਾਂ ਸੱਚਮੁੱਚ ਬੜੀਆਂ ਤਿੱਖੀਆਂ ਜਾਪ ਰਹੀਆਂ ਹਨ। ਸਰਕਾਰ ਨੂੰ ਇਨ੍ਹਾਂ 'ਤੇ ਅੱਖ ਰੱਖਣੀ ਹੀ ਪੈਣੀ ਹੈ ਨਹੀਂ ਤਾਂ...।